# ਕੌਮੀ ਘਰ

ਜਸਵੰਤ ਸਿੰਘ ਕੰਵਲ

ਫ਼ਿਰਕੂ ਪਾਰਟੀਆਂ, ਜਿਹੜੀਆਂ ਤਾਕਤ ਦੇ ਜ਼ੋਰ ਸੈਕੂਲਰ ਬਣਦੀਆਂ ਹਨ, ਦਾ ਕੀ ਕੌਮੀ ਰੋਲ ਹੈ ? ਇਹਨਾਂ ਦੀ ਦੁਰਗੰਧ ਨਾ਼ਲ ਇੱਕ ਦਿਨ ਸੈਕੂਲਰਿਜ਼ਮ ਦਮ ਘੁੱਟ ਕੇ ਮਰ ਨਹੀਂ ਜਾਵੇਗਾ?

ਪੁਰਾਤਨ ਯੁੱਗ ਵਿੱਚ ਬ੍ਰਾਹਮਣ ਲੋਕ ਜੱਗਾਂ ਵਿੱਚ ਗਾਂਈਆਂ ਵੱਢਦੇ ਵੀ ਰਹੇ ਹਨ ਅਤੇ ਸੁਆਦ ਨਾ਼ਲ ਖਾਂਦੇ ਵੀ ਰਹੇ ਹਨ। ਮੁੜ ਬੁੱਧ ਦੇ ਅਹਿੰਸਾ ਅਸੂਲ ਦੇ ਪ੍ਰਭਾਵ ਕਾਰਨ ਗਊ ਮਾਸ ਖਾਣ ਨੂੰ ਪਾਪ ਸਮਝਣ ਲੱਗ ਪਏ। ਕੋਈ ਪੁੱਛੇ, ਮਨੁੱਖੀ ਕੌਮੀਅਤਾਂ ਅਤੇ ਘੱਟ-ਗਿਣਤੀ ਧਰਮਾਂ ਦੇ ਸੱਭਿਆਚਾਰਾਂ ਨੂੰ ਖਾਣਾ ਕੀ ਪਾਪ ਨਹੀਂ ? ਇੱਥੇ ਆ ਕੇ ਆਖਣਗੇ, "ਸਮਰੱਥ ਨੂੰ ਦੋਸ਼ ਨਹੀਂ"। ਇਹਦਾ ਸਾਫ਼ ਮਤਲਬ ਹੈ, ਜ਼ੋਰਾਵਰ ਜੋ ਉਪੱਦਰਵ ਕਰੇ, ਸਹੀ, ਤੇ ਓਹੀ ਕੰਮ ਕਮਜ਼ੋਰ ਕਰੇ, ਦੋਸ਼ੀ। ਮਤਲਬ ਸੱਚੇ ਸੇਵਾਦਾਰ ਝੂਠੇ, ਪਾਪ ਕਮਾਉਣ ਵਾ਼ਲੇ ਸੱਚੇ। ਜਦੋਂ ਸੱਚ ਨੂੰ ਝੂਠ, ਨੇਕੀ ਨੂੰ ਬਦੀ ਤੇ ਮਿਹਨਤ ਨੂੰ ਲੁੱਟ ਦੀਆਂ ਕੀਮਤਾਂ ਵਿੱਚ ਬਦਲਿਆ ਜਾਵੇਗਾ, ਦਾਦ ਫ਼ਰਿਆਦ ਕਿੱਥੇ ਕੀਤੀ ਜਾਵੇਗੀ ? ਕੀ ਰਾਜ ਦਾ ਵਿਧਾਨ ਗ਼ਲਤ ਨਹੀਂ ਹੋਵੇਗਾ ? ਪਰਜਾ ਉੱਤੇ ਜ਼ੁਲਮ ਨਹੀਂ ਵਧੇਗਾ ? ਜ਼ੁਲਮ ਤੇ ਲੁੱਟ ਵਧੇਗੀ, ਤਦ ਪ੍ਰਤੀਕਰਮ ਵਿੱਚ ਬਗ਼ਾਵਤ ਨਹੀਂ ਉੱਠੇਗੀ ? ਇਸ ਅਵਸਥਾ ਉੱਤੇ ਹੀ ਗੁਰੂ ਗੋਬਿੰਦ ਸਿੰਘ ਜੀ ਆਖਦੇ ਹਨ, ਜਦੋਂ ਸੱਚ ਅਤੇ ਦਲੀਲ ਦੀ ਨਾ ਸੁਣੀ ਜਾਵੇ, ਫ਼ਰਿਆਦੀ ਨੂੰ ਹੱਕ ਹੈ, ਨਿਆਂ ਲੈਣ ਲਈ ਤਲਵਾਰ ਚੁੱਕੇ, "ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ"। ਜਬਰ ਦਾ ਜਵਾਬ ਤਾਕਤ ਨਾ਼ਲ ਮੋੜਨਾ ਕਿਵੇਂ ਵੀ ਗ਼ਲਤ ਨਹੀਂ।

ਬ੍ਰਾਹਮਣਵਾਦ ਦੀ ਪੜ੍ਹਾਈ, ਚੜ੍ਹਾਈ ਤੇ ਲੜਾਈ ਘੱਟ-ਗਿਣਤੀਆਂ ਨੂੰ ਭਗਵਾਂਕਰਨ ਤੇ ਆ ਗਈ ਹੈ। ਭਗਵਾਂਕਰਨ ਨਾ਼ਲ ਬੁੱਤਪ੍ਰਸਤੀ ਦੀ ਸ਼ਰਧਾ ਤੇ ਵਿਸ਼ਵਾਸ ਵੀ ਨਾ਼ਲ ਹੀ ਆਉਣਗੇ। ਦੁਸ਼ਮਣ ਇਤਿਹਾਸ ਨੂੰ ਪਿਛਾਂਹ ਧੱਕ ਕੇ ਮਨੂੰ ਸਿਮ੍ਰਤੀ ਦੇ ਵਰਨਾਂ-ਆਸ਼ਰਮਾਂ ਤੇ ਲਿਜਾ ਰਿਹਾ ਹੈ। ਕੀ ਸਿੱਖ ਇਸ ਗੱਲ ਲਈ ਤਿਆਰ ਹਨ ? ਜੇ ਤਿਆਰ ਨਹੀਂ ਤਾਂ ਫ਼ੈਸਲਾ ਕਰਨਾ ਹੋਵੇਗਾ ਬ੍ਰਾਹਮਣਵਾਦ ਦੀ ਘੋੜੀ ਬਣ ਕੇ ਜੀਣਾ ਹੈ ਜਾਂ ਗ਼ੈਰਤ ਵਾ਼ਲੀ ਅਜ਼ਾਦੀ ਨੂੰ ਗ਼ਲ ਲਾਉਣਾ ਹੈ ? ਲੜਾਈ ਹਮੇਸ਼ਾ ਹੁੰਦੀ ਹੈ ਜਾਂ ਹੁੰਦੀ ਨਹੀਂ, ਵਿਚਕਾਰ ਲੜੀ ਜਾਂਦੀ ਰਹੀ ਹੈ। ਤੁਸੀਂ ਦੋ ਰਾਹਾਂ ਉੱਤੇ ਨਹੀਂ ਤੁਰ ਸਕਦੇ। ਦੁਬਿਧਾ ਵਿੱਚ ਪੈਣ ਵਾ਼ਲੇ ਦੋਹਾਂ ਪਾਸਿਆਂ ਤੋਂ ਮਾਰੇ ਜਾਂਦੇ ਹਨ। ਨਾ ਉਹ ਸੱਚ ਦੇ ਰਹਿੰਦੇ ਐ ਨਾ ਝੂਠ ਦੇ। ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਤੇ ਸ਼ਹੀਦੀਆਂ ਦੇ ਅਣਖੀਲੇ ਲਹੂ ਵਿੱਚੋਂ ਆਇਆ ਸਿੱਖ, ਗ਼ੁਲਾਮੀ, ਦੁਰਾਚਾਰ ਤੇ ਜ਼ੁਲਮ ਨਾ਼ਲ ਨਹੀਂ ਖਲੋ ਸਕਦਾ। ਗੁਰੂ ਤਾਂ ਹਰ ਕਦਮ ਉੱਤੇ ਹਰ ਕਰਮ ਦਾ ਹਿਸਾਬ ਮੰਗਦਾ ਹੈ:- "ਮੈਂ ਮਾਂ ਬਾਪ, ਪੁੱਤਰ ਤੇ ਪੁੱਤਰਾਂ ਵਰਗੇ ਹਜ਼ਾਰਾਂ ਸਿੰਘਾਂ ਦੀ ਬਲੀ ਇਸ ਲਈ ਦਿੱਤੀ ਸੀ ਕਿ ਤੁਸੀਂ ਸਿੰਘੋ ਹੀਜੜੇ ਹੋ ਕੇ ਮਰੋ ?"

ਬ੍ਰਾਹਮਣਵਾਦ ਦੀ ਭਗਵੀਂ ਪੜ੍ਹਾਈ ਸਾਨੂੰ ਇਹ ਵੀ ਭੁਲਾ ਦੇਵੇਗੀ ਅਸੀਂ ਬੱਬਰ ਸ਼ੇਰਾਂ ਵਰਗੇ ਸ਼ਹੀਦ ਪੁਰਖਿਆਂ ਦੀ ਉੱਮਤ ਆਂ। ਉਹ ਜਰੀ ਪੁਰਖੇ ਇਹਨਾਂ ਦੀਆਂ ਜ਼ਬਰਦਸਤੀ ਚੁੱਕੀਆਂ ਧੀਆਂ ਭੈਣਾਂ ਖੈਬਰ ਤੇ ਗ਼ਜ਼ਨੀ ਦੇ ਰਾਹਾਂ ਤਕ ਤੋਂ ਲੜਦੇ ਮਰਦੇ ਛੁਡਾ ਕੇ ਲਿਆਉਂਦੇ ਰਹੇ। ਇਹ ਅਸਲੋਂ ਭੁੱਲ ਗਏ, ਲਾਹੌਰ



ਮੌਜੂਦਾ ਭਾਰਤੀਤੰਤਰ ਵਿੱਚ ਅਣਖੀਲੀ ਸਿੱਖ ਜਵਾਨੀ ਲਈ ਹਥਕੜੀਆਂ ਤੇ ਜੇਲ੍ਹਾਂ

ਕਿਲ੍ਹੇ ਦੀਆਂ ਤਰਾਨਵੇਂ ਸਿੱਖ ਫਾਂਸੀਆਂ, ਅੰਡੇਮਾਨ ਦੀ ਸੈਲੂਲਰ ਜੇਲ੍ਹ ਵਿੱਚ ਗਈਆਂ ਸੈਂਕੜੇ ਜਵਾਨੀਆਂ, ਜਿਹੜੀਆਂ 'ਬਾਬੇ' ਬਣ ਕੇ ਬਾਹਰ ਆਈਆਂ ਸਨ। ਆਈ.ਐਨ.ਏ. ਦੀਆਂ ਬਰਮਾ ਦੇ ਮੁਹਾਜ਼ ਉੱਤੇ ਅੱਸੀ ਫ਼ੀਸਦੀ ਦਿੱਤੀਆਂ ਸਿੱਖ ਕੁਰਬਾਨੀਆਂ ਦਾ ਹਿਸਾਬ ਦੇਵੋ।

ਪਰ ਬ੍ਰਾਹਮਣਵਾਦ ਬਾਣੀਏ ਸਾਰੀਆਂ ਸਿੱਖ ਤੇ ਪੰਜਾਬੀ ਕੁਰਬਾਨੀਆਂ 'ਨਮੋ ਨਾਰਾਇਣ' ਦੀ ਖੀਰ ਸਮਝ ਕੇ ਛਕ ਰਹੇ ਹਨ। ਅਸੀਂ ਮਿਹਰਬਾਨ ਰਿਸ਼ੀਆਂ ਦੇ ਭੁਲੇਖੇ, ਬੇਤਰਸ ਭੁੱਖੇ ਕਸਾਈਆਂ ਦੀ ਜਕੜ ਵਿੱਚ ਅਭੋਲ ਹੀ ਆ ਗਏ। ਦਿੱਤੇ ਵਾਅਦੇ, ਇਕਰਾਰ ਤੇ ਮਤੇ ਰੱਦੀ ਦੀ ਟੋਕਰੀ ਵਿੱਚ ਪੈ ਗਏ। ਇਹਨਾਂ ਦੇ ਸੂਰਮੇ ਸਾਵਰਕਰ ਨੇ ਅੰਡੇਮਾਨ ਜੇਲ੍ਹ ਵਿੱਚੋਂ ਰਿਹਾਅ ਹੋਣ ਤਿੰਨ ਵਾਰ ਮਾਫ਼ੀ ਦੀ ਦਰਖ਼ਾਸਤ ਵਾਇਸਰਾਏ ਨੂੰ ਭੇਜੀ। ਅੰਗਰੇਜ਼ ਸਰਕਾਰ ਨੇ ਉਸ ਨੂੰ ਫਿਰ ਵੀ ਨਹੀਂ ਛੱਡਿਆ। ਸੌ ਗੰਢਾ ਵੀ ਖਾਧਾ ਤੇ ਸੌ ਛਿੱਤਰ ਵੀ। ਅੱਜ ਐਡਵਾਨੀ ਅੰਡੇਮਾਨ ਦਾ ਹਵਾਈ ਅੱਡਾ ਵੀਰ ਸਾਵਰਕਰ ਦੇ ਨਾਂ ਕਰ ਆਇਆ। ਸਾਵਰਕਰ ਦੀ ਤਸਵੀਰ ਨੈਸ਼ਨਲ ਹਾਲ ਵਿੱਚ ਲਾ ਦਿੱਤੀ ਹੈ। ਜਿਹੋ ਜਿਹੀ ਕੋਕੋ, ਓਹੋ ਜਿਹੇ ਬੱਚੇ।

ਫ਼ਿਰਕੂ ਪ੍ਰੈਸ ਦੇ ਬਣਾਏ 'ਸ਼ੇਰੇ ਪੰਜਾਬ' ਦੀ ਬਹਾਦਰੀ ਵੇਖ ਲਵੋ। ਮਾਂਡਲੇ ਜੇਲ੍ਹ ਵਿੱਚ ਵਾਇਸਰਾਏ ਨੂੰ ਰਿਹਾਈ ਲਈ ਚਿੱਠੀ ਲਿਖੀ:- "ਮੈਂ ਕੋਈ ਕਨੂੰਨ ਨਹੀਂ ਤੋੜਿਆ। ਮੈਂ ਬੇਕਸੂਰ ਫੜਿਆ ਗਿਆ ਆਂ"। ਇਹ ਸਨ ਇਹਨਾਂ ਦੇ ਅਜ਼ਾਦੀ ਸੰਗਰਾਮੀਏ ਬਹਾਦਰ। ਫਾਂਸੀ ਚੜ੍ਹਨ ਵਾ਼ਲੇ ਤਰਾਨਵੇਂ ਸਿੰਘ ਤੇ ਗ਼ਦਰ ਪਾਰਟੀ ਦੇ ਸੈਂਕੜੇ ਸਿੱਖਾਂ ਫਾਂਸੀਆਂ ਤੇ ਉਮਰ ਕੈਦਾਂ ਕੱਟੀਆਂ, ਜਿਨ੍ਹਾਂ ਵਿੱਚੋਂ ਇੱਕ ਨੇ ਵੀ ਮਾਫ਼ੀ ਨਹੀਂ ਮੰਗੀ। ਉਹਨਾਂ ਦਾ ਕਾਂਗਰਸ ਤੇ ਭਾਜਪਾ ਨੇ ਕੀ ਕੀਤਾ ? ਇਹਨਾਂ

ਜਿਨ੍ਹਾਂ ਇਮਾਨਦਾਰ ਤੇ ਸਿਦਕੀਆਂ ਕੌਮਾਂ ਨੂੰ ਆਪਣਾ ਘਰ ਬਣਾ ਕੇ ਚੜ੍ਹਦੀ ਕਲਾ ਦੇਣੀ ਹੈ, ਉਹਨਾਂ ਨੂੰ ਸਮੇਂ ਦੇ ਸੂਰਮੇ ਬਣ ਕੇ ਰਾਜਨੀਤਿਕ ਮੈਦਾਨ ਵਿੱਚ ਉੱਤਰਨਾ ਪੈਣਾ ਹੈ। ਗੁਰੂ ਨਾਨਕ ਦੀ ਉੱਮਤ ਨੂੰ ਮੂਧੇ ਮੂੰਹ ਮਾਰਨ ਲਈ ਬ੍ਰਾਹਮਣਵਾਦ ਚੌਫ਼ੇਰਿਓਂ ਚੜ੍ਹਿਆ ਆ ਰਿਹਾ ਹੈ। ਗੁਰੂ ਅਰਜਨ ਤੇ ਗੁਰੂ ਤੇਗ ਬਹਾਦਰ ਦੀਆਂ ਸ਼ਾਨਦਾਰ ਤਾਰੀਖ਼ੀ ਸ਼ਹਾਦਤਾਂ ਮਿਟਣ ਵਾ਼ਲੀਆਂ ਨਹੀਂ, ਗੁਰੂ ਗੋਬਿੰਦ ਸਿੰਘ ਦੀਆਂ ਘਾਲਨਾਵਾਂ, ਚਾਰੇ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ, ਬੰਦਾ ਸਿੰਘ ਬਹਾਦਰ ਦੀ ਦੁਨੀਆ ਭਰ ਵਿੱਚ ਲਾਸਾਨੀ ਸ਼ਹਾਦਤ ਅਤੇ ਆਰਿਆਂ ਨਾ਼ਲ ਚੀਰੇ ਜਾਣ ਵਾ਼ਲੇ ਸਿੰਘਾਂ ਦੀਆਂ ਹੌਲਨਾਕ ਗਾਥਾਵਾਂ ਨੂੰ ਬ੍ਰਾਹਮਣਵਾਦ ਦੀ ਹਨੇਰੀ, ਘੱਟੇ ਮਿੱਟੀ ਵਿੱਚ ਮਿ਼ਲਾਉਣ ਵਾ਼ਲੀ ਹੈ ਜਾਂ ਆਪਣੇ ਨਾਂ ਨਾ਼ਲ ਜੋੜ ਲੈਣ ਵਾ਼ਲੀ ਹੈ। ਸ਼ਹਾਦਤਾਂ ਦੇ ਲਹੂ ਨਾ਼ਲ ਲਿਖੇ ਕੁਰਬਾਨੀਆਂ-ਭਰੇ ਇਤਿਹਾਸ ਉੱਤੇ ਦੁਸ਼ਮਣ ਪੁੱਠੀ ਕਲਮ ਫੇਰਨ ਵਾ਼ਲਾ ਹੈ। ਜਿਸ ਦਾ ਰਾਜ, ਉਸੇ ਦਾ ਤੇਜ। ਇਹ ਹੰਕਾਰਿਆ ਤੇਜ, ਅਣਖੀਲੇ ਪੰਜਾਬ ਨੂੰ ਅਸਲੋਂ ਮਿੱਟੀ ਕਰਨ ਤੇ ਤੁਲਿਆ ਹੈ।

ਸਿੱਖ ਇਤਿਹਾਸ ਦੀਆਂ ਕੁਰਬਾਨੀਆਂ ਤੇ ਬ੍ਰਾਹਮਣਵਾਦ ਦੀਆਂ ਅਗਲੀਆਂ ਪਿਛਲੀਆਂ ਕਰਤੂਤਾਂ ਦਾ ਪਹਿਲੋਂ ਲੇਖਾ-ਜੋਖਾ ਕਰ ਲਵੋ। ਕਾਂਗਰਸ ਦੇ ਬਾਪੂ ਗਾਂਧੀ ਨੇ ਸੀਸ ਗੰਜ ਗੁਰਦੁਆਰੇ ਗੁਰੂ ਦੇ ਸਾਮ੍ਹਣੇ ਵਚਨ ਦਿੱਤਾ ਸੀ, "ਰਾਜ ਦਾ ਵਿਧਾਨ ਤੁਹਾਡੀ ਮਰਜ਼ੀ ਨਾ਼ਲ ਬਣੇਗਾ"। ਗੁਰੂ ਕਾਂਗਰਸ ਦਾ ਕੁਝ ਨਹੀਂ ਲੱਗਦਾ ਸੀ, ਜਿਸ ਦਾ ਕਾਂਗਰਸ ਸਤਿਕਾਰ ਕਰਦੀ। ਉਸ ਤਾਂ ਸਾਡੇ ਕੁਦਰਤੀ ਤੇ ਬੁਨਿਆਦੀ ਹੱਕਾਂ ਉੱਤੇ ਟੇਢੀ ਲਕੀਰ ਫੇਰ ਦਿੱਤੀ। ਕਰਾ ਲਓ ਦੇਸ਼ ਅਜ਼ਾਦ ! ਅਜ਼ਾਦੀ ਦੀ ਜੰਗ ਵਿੱਚ ਦਿੱਤੀਆਂ ਸ਼ਹਾਦਤਾਂ ਦਾ ਪੁਆ ਲਓ ਮੁੱਲ ! "ਅਖੇ ਤੁਸੀਂ ਕੌਮ ਨਹੀਂ, ਸਾਡੇ ਈ ਵਿੱਚੋਂ ਹੋ"। ਮੂੰਹ ਵਿੱਚ ਘਾਹ ਲੈਣ ਵਾ਼ਲੇ 'ਕੌਮ' ਬਣ ਗਏ ਤੇ ਦੇਸ਼ ਲਈ ਸ਼ਹੀਦੀਆਂ ਦੇਣ ਵਾ਼ਲੇ ਫਾਂਡਰੂ।

ਵਿਧਾਨ ਬਣਿਆ ਤਾਂ ਸਿੱਖਾਂ ਨੂੰ ਬੋਧੀਆਂ ਜੈਨੀਆਂ ਵਾਂਗ ਆਪਣੀ ਪੰਝੀ ਧਾਰਾ ਵਿੱਚ 'ਹਿੰਦੂ' ਬਣਾ ਧਰਿਆ।

ਸਾਡੇ ਨੁਮਾਇੰਦਿਆਂ ਸ੍ਰ. ਮੰਗਲ ਸਿੰਘ ਤੇ ਸ੍ਰ. ਭੁਪਿੰਦਰ ਸਿੰਘ ਨੇ ਵਿਧਾਨ ਦੇ ਰਜਿਸਟਰ ਉੱਤੇ ਦਸਤਖ਼ਤ ਕਰਨੋਂ ਨਾਂਹ ਕਰ ਦਿੱਤੀ ਅਤੇ ਕਨੂੰਨ ਘੜਨੀ ਅਸੈਂਬਲੀ ਵਿੱਚੋਂ ਵਾਕ-ਆਊਟ ਕਰ ਆਏ। ਸ਼ਾਬਾਸ਼ ! ਅਣਖੀਲੇ ਪੰਜਾਬੀਓ, ਇਹ ਵਿਧਾਨ ਸਾਡਾ ਨਹੀਂ, ਜਿੰਨਾ ਚਿਰ ਇਸ ਵਿੱਚ ਸਾਨੂੰ ਬਾਵਕਾਰ ਪੂਰਨ ਕੌਮ ਨਹੀਂ ਮੰਨਿਆ ਜਾਂਦਾ।

ਥੋੜ੍ਹਾ ਅਗਾਂਹ ਵਧ ਗਿਆ ਸਾਂ, ਮੈਂ ਮੁੜ 'ਕੌਮੀ ਘਰ' ਵੱਲ ਆਉਂਦਾ ਆਂ।

ਹੀਰ ਨੇ ਖੇੜਿਆਂ ਤੋਂ ਇੱਕ ਸਖੀ ਰਾਹੀਂ,

ਦਾਇਰੇ ਪਏ ਰਾਂਝੇ ਨੂੰ ਇੱਕ ਤਾਹਨਾ ਭੇਜਿਆ:-

"ਜਿੱਥੇ ਜਾ ਕੇ ਬਹਿ ਗਿਓਂ, ਓਥੇ ਤੇਰਾ ਕੀ ਵੇ ?"

ਏਹੋ ਗੱਲ ਮੈਂ ਗ਼ੈਰਤਮੰਦ ਪੰਜਾਬੀਆਂ ਨੂੰ ਤੀਰ ਦੀ ਮੁਖੀ ਚੁਭੋ ਕੇ ਕਹਿੰਦਾ ਆਂ। ਤੁਹਾਡੇ ਪੈਦਾਵਰੀ ਸਾਧਨ ਬਿਜਲੀ ਪਾਣੀ ਲੁੱਟ ਲਏ। ਮੱਤ ਕਰਜ਼ੇ ਚਾੜ੍ਹ ਕੇ ਮਾਰ ਦਿੱਤੀ ਤੇ ਪੱਤ ਰਾਜਧਾਨੀ ਦਿੱਲੀ ਦੇ ਬਜ਼ਾਰਾਂ ਵਿਚ ਖਲਾਰ ਦਿੱਤੀ। ਰਾਜਸੀ ਪਾਰਟੀ ਤੁਹਾਡੀ ਰਹੀ ਨਹੀਂ। ਲੀਡਰਾਂ ਵਾਲ਼ੀ ਸ਼ਾਨ ਤੇ ਚੰਦਿਆਂ (ਜੁਰਮਾਨਿਆਂ) ਰਾਹੀਂ ਸਰਮਾਇਆ ਖਿੱਚਿਆ ਗਿਆ। ਕਾਂਗਰਸੀਆਂ, ਅਕਾਲੀਆਂ, ਕਮਿਊਨਿਸਟਾਂ ਅਤੇ ਨਵੇਂ ਜੰਮੇ ਫ਼ਿਰਕੂ ਭਾਜਪਾ ਵਾਲ਼ਿਆਂ ਤੁਹਾਨੂੰ ਖੋਟੇ ਪੈਸੇ ਜਿੰਨੀ ਵਫ਼ਾ ਨਹੀਂ ਕੀਤੀ। ਸਭ ਬੋਕ ਨੂੰ ਦਾਣਾ ਹੈ। ਇੱਕ ਹੋਰ ਬਲਾ ਉੱਠ ਪਈ ਪਖੰਡੀ ਬਾਬਿਆਂ ਦੀ। ਉੱਚੀਆਂ ਮਮਟੀਆਂ ਸ਼ਰਧਾਲੂਆਂ ਨੂੰ ਅਵਾਜ਼ਾਂ ਮਾਰਦੀਆਂ ਹਨ, "ਆਓ ਆਓ ਤੇ ਫਸੋ"। ਝੂਠੇ ਵਚਨਾਂ, ਪਖੰਡਾਂ ਤੇ ਅਣਹੋਣੀਆਂ ਕਰਾਮਾਤਾਂ ਨਾਲ਼ ਅਕਲੋਂ ਹੀਣੇ ਮਿਹਨਤੀ ਲੋਕਾਂ ਨੂੰ ਲੁੱਟੀ ਖਾਈ ਜਾਂਦੇ ਹਨ। ਲੋਕਾਂ ਨੂੰ ਨਾਮਦਾਨ ਬਖ਼ਸ਼ਦੇ ਐ ਤੇ ਆਪ ਮਾਇਆ ਨਾਲ਼ ਝੋਲ਼ੀਆਂ ਨਹੀਂ, ਝੋਲ਼ੇ ਭਰਦੇ ਐ। ਅੰਨ੍ਹੀ ਸ਼ਰਧਾ ਉਹਨਾਂ ਡਕੈਤਾਂ ਦੇ ਚਰਨ ਧੋ ਧੋ ਪੀ ਰਹੀ ਐ। ਮਰ ਜਾਓ ਓਇ ਬੁੱਧੀਜੀਵੀਓ ! ਮਿਹਨਤ ਨਾਲ਼ ਥੱਕੇ ਟੁੱਟੇ ਲੋਕਾਂ ਦੇ ਅੰਨ੍ਹੇ ਸਿਰਾਂ ਵਿੱਚ ਕਿੱਧਰੋਂ ਚਾਨਣ ਦਾ ਟੋਟਾ ਲਿਆ ਕੇ ਰੱਖੋ। ਇਹ ਬਾਬੇ ਤਾਂ ਸਭ ਸਰਮਾਏਦਾਰਾਂ ਅਤੇ ਵਪਾਰੀਆਂ ਨਾਲ਼ੋਂ ਵੀ ਖੋਟੇ ਐ। ਵਪਾਰੀ ਪੈਸਿਆਂ ਵੱਟੇ ਸੌਦਾ ਤਾਂ ਦੇਂਦਾ ਐ, ਭਾਵੇਂ ਘੱਟ ਦੇਵੇ, ਇਹ ਮੁਫ਼ਤ ਵਿੱਚ ਹੀ ਦੌਂਗੀਆਂ ਮੁੱਛੀ ਜਾਂਦੇ ਐ। ਮਿਹਨਤੀਆਂ ਦੀਆਂ ਖ਼ੁਦਕੁਸ਼ੀਆਂ ਦੇ ਕਾਤਲ ਇਹ ਲੋਕ ਵੀ ਹਨ।

ਹੋਰ ਸਿਆਪਾ, ਪੰਜਾਬ ਦਾ ਪਾਣੀ ਪਤਾਲ਼ ਨਿੱਘਰ ਜਾਣ ਕਾਰਨ ਸਾਰਾ ਟਿਊਬਵੈਲ ਸਿਸਟਮ ਫ਼ੇਲ੍ਹ ਹੋਣ ਵਾਲ਼ਾ ਹੈ। ਕੰਗਾਲ਼ ਹੋਣ ਤੇ ਪੰਜਾਬ ਮੰਗਣ ਨਹੀਂ ਲੱਗੇਗਾ, ਹਥਿਆਰ ਚੁੱਕ ਕੇ ਲੁਟੇਰਿਆਂ ਤੋਂ ਬਦਲੇ ਲਏਗਾ। ਡਾਕੇ ਤੇ ਕਤਲ ਸਾਂਭੇ ਨਹੀਂ ਜਾਣਗੇ। ਜਿਹੜਾ ਪਹਿਲਾਂ ਹੀ ਆਪੇ ਨੂੰ ਮਰਿਆ ਮਿੱਥ ਲਏ, ਮੌਤ ਉਸ ਤੋਂ ਭੈਅ ਖਾਣ ਲੱਗ ਪੈਂਦੀ ਹੈ। ਸੱਚੀ ਗੱਲ 'ਲੋਕਾਂ ਦੀ ਪਾਰਟੀ' ਅਖਵਾਉਣ ਵਾਲ਼ੇ ਵੀ ਲੋਕਾਂ ਦੇ ਦੁਸ਼ਮਣ ਸਾਬਤ ਹੋ ਰਹੇ ਹਨ। ਗ਼ੁਲਾਮੀ ਦੀ ਹਾਲਤ ਵਿੱਚ ਪੰਜਾਬ ਹਾਲੇ ਰੰਗੀਂ ਵੱਸਦਾ ਸੀ, ਅਜ਼ਾਦੀ ਨੇ ਬਰਬਾਦੀ ਦੇ ਹੱਦਾਂ ਬੰਨੇ ਹੀ ਤੋੜ ਸੁੱਟੇ। ਇਹ ਗੱਲ ਮੈਂ ਨਹੀਂ ਕਹਿ ਰਿਹਾ, ਲੁਟੇਰੀਆਂ ਰਾਜਸੀ ਪਾਰਟੀਆਂ ਦੇ ਨਤੀਜੇ ਦੱਸਦੇ ਹਨ। ਪੰਜਾਬੀਓ ! ਬੇਗ਼ਾਨੀਆਂ ਬੁੱਕਲਾਂ ਪਿਆਰ ਨਹੀਂ ਦੇਂਦੀਆਂ, ਸੰਘੀ ਨਸ਼ੰਗ ਘੁਟ ਦੇਣ। ਤੇ ਪੰਜਾਬ ਦੇ ਗਲ਼ ਉੱਤੇ ਚਾਣਕੀਆ ਦਾ ਅੰਗੂਠਾ ਦਿਨੋ-ਦਿਨ ਦਬਾਈ ਆ ਰਿਹਾ ਹੈ। ਅਸੀਂ ਕਾਹਦੇ ਅਜ਼ਾਦ ਹੋਏ ਆਂ ? ਆਪਣੀਆਂ ਕੁਰਬਾਨੀਆਂ ਨਾਲ਼ ਹੀ ਜ਼ੰਜੀਰਬੱਧ ਹੋ ਕੇ ਰਹਿ ਗਏ ਆਂ। ਹੁਣ ਨਰੋਆ ਹੰਭਲ਼ਾ ਮਾਰੇ ਬਿਨਾਂ ਆਰਥਿਕ ਜ਼ੰਜੀਰਾਂ ਨਹੀਂ ਟੁੱਟਣੀਆਂ ਅਤੇ ਗੰਦਾ ਕੀਤਾ ਸੱਭਿਆਚਾਰ ਪਾਕ ਪਵਿੱਤਰ ਨਹੀਂ ਹੋਣਾ। ਸਮੁੱਚੀ ਕੌਮ ਨੂੰ ਪਰਤੱਗਿਆ ਕਰ ਕੇ ਉੱਠੇ ਬਿਨਾਂ ਨਹੀਂ ਸਰਨਾ।

ਅਸੀਂ ਮਰਜੀਵੜਿਆਂ ਦੀ ਉੱਮਤ, ਅਸੀਂ ਆਰਿਆਂ ਦੇ ਦੰਦੇ ਤੋੜੇ ਤੇ ਰੰਬੀਆਂ ਦੇ ਮੂੰਹ ਮੋੜੇ। ਗ਼ੁਲਾਮੀ ਦਾ ਜੰਜਾਲ਼ ਤੋੜਨ ਲਈ ਸਾਨੂੰ ਮੁੱਢ ਤੋਂ ਅਲਫ਼ ਬੇ ਮੁੜ ਪੜ੍ਹਨੀ ਪੈਣੀ ਹੈ। ਪੁਰਖਿਆਂ ਦਾ ਇਤਿਹਾਸ ਸਾਨੂੰ ਲਲਕਾਰ ਦੇ ਰਿਹਾ ਹੈ। ਪਹਿਲਾ ਧਰਮ ਤੇ ਤਾਰੀਖ਼ੀ ਫ਼ਰਜ਼ ਹੈ, ਅਜ਼ਾਦ ਕੌਮੀ ਘਰ ਪੈਦਾ ਕਰੀਏ। ਹਥਿਆਰ ਚੁੱਕਣ ਤੋਂ ਬਿਨਾਂ ਵੀ ਸਬੀਲਾਂ ਹਨ। ਗ਼ਲਤ ਸਮੇਂ ਦਾ ਹਥਿਆਰ ਵੈਰੀ ਨੂੰ ਹੀ ਫੱਟੜ ਨਹੀਂ ਕਰਦਾ, ਆਪਣਾ ਗਲ਼ ਵੀ ਕੱਟਦਾ ਹੈ। ਬ੍ਰਾਹਮਣਵਾਦੀ ਸਰਕਾਰ ਨੇ ਰੱਜੇ ਪੁੱਜੇ ਅਤੇ ਸ਼ਾਨਾਂ-ਮੱਤੇ ਪੰਜਾਬ ਨੂੰ ਕੰਗਾਲ਼ ਹੀ ਨਹੀਂ ਕੀਤਾ, ਖ਼ੁਦਕੁਸ਼ੀਆਂ ਉੱਤੇ ਲਿਆ ਖੜ੍ਹਾ ਕੀਤਾ ਹੈ। ਜੇ ਮਰਨਾ ਹੀ ਪਿਆ, ਤਦ ਦੁਸ਼ਮਣ ਦੇ ਸਿਰ ਚੜ੍ਹ ਕੇ ਕਿਉਂ ਨਾ ਮਰਿਆ ਜਾਵੇ? ਮੈਂ ਹਥਿਆਰ ਨੂੰ ਠੋਸ ਸ਼ਕਤੀ ਮੰਨਿਆ ਹੈ, ਪਰ ਵੱਤ ਕੁਵੱਤ ਜਾਚੇ ਬਿਨਾਂ ਤਾਂ ਰਕੜ ਵੀ ਵਾਹੀ ਨਹੀਂ ਜਾਂਦੀ। ਜਿੰਨਾ ਚਿਰ ਗ਼ੁਲਾਮੀ ਨੂੰ ਸਿਰ ਸੁੱਟ ਕੇ ਕਬੂਲੀ ਜਾਵੋਗੇ, ਜੇਰਾ, ਜੁਰਅਤ ਤੇ ਅਣਖ ਵੀ ਮਰਦੀ ਜਾਵੇਗੀ। 'ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥' ਲੋਹਾ ਤੱਤਾ ਹੋਇਆ ਹੀ ਮੋੜਿਆ ਜਾਂਦਾ ਹੈ।

ਸੋ ਜਥੇਬੰਦੀ ਸ਼ਹਿਰਾਂ, ਪਿੰਡਾਂ ਤੇ ਗਲ਼ੀ ਮੁਹੱਲੇ ਪੁਕਾਰੇ, "ਕੌਮੀ ਘਰ, ਬਈ ਕੌਮੀ ਘਰ। ਹੋਰ ਕੋਈ ਮੰਗ ਨਹੀਂ"। ਇਹ ਸਾਰੇ ਪੰਜਾਬੀਆਂ ਤੇ ਪੰਥ ਦਰਦੀਆਂ ਦੀ ਲੋੜ ਹੈ, ਜਿਹੜੀ ਸਾਡੀ ਵਿਗੜੀ ਸਵਾਰ ਸਕਦੀ ਹੈ। ਇਹ ਹਰ ਤਰ੍ਹਾਂ ਦੀ ਖ਼ੁਸ਼ਹਾਲੀ ਤੇ ਸ਼ਾਂਤੀ ਸਥਾਪਿਤ ਕਰ ਸਕਦੀ ਹੈ। ਹਰ ਤਰ੍ਹਾਂ ਦੇ ਵਿਰੋਧ-ਕ੍ਰੋਧ ਮਿਟਾ ਕੇ 'ਸਰਬੱਤ ਦੇ ਭਲੇ' ਦੇ ਪ੍ਰੋਗਰਾਮ ਨੂੰ ਅੱਗੇ ਵਧਾ ਸਕਦੀ ਹੈ। ਇਸ ਮੰਗ ਲਈ ਸਚਿਆਰੀ ਜੱਦੋਜਹਿਦ ਵਿੱਢੀ ਜਾਵੇ। ਸਮੇਂ ਦਾ ਇੱਕ ਪਲ਼ ਤੇ ਸਰਮਾਏ ਦਾ ਇੱਕ ਪੈਸਾ ਹੋਰ ਕਿਧਰੇ ਅਜਾਈਂ ਨਾ ਗਵਾਇਆ ਜਾਵੇ। ਹੁਣ ਤਕ ਦੀਆਂ ਜਮਹੂਰੀ ਚੋਣਾਂ ਨੇ ਸਾਰੀਆਂ ਰਾਜਸੀ ਪਾਰਟੀਆਂ ਕਰੱਪਟ ਕਰ ਦਿੱਤੀਆਂ ਹਨ ਤੇ ਕਰੈਕਟਰ ਸ਼ਰਮ-ਸਾਗਰ ਡੋਬ ਕੇ ਰੱਖ ਦਿੱਤਾ ਹੈ। ਫ਼ਿਰਕੂ ਚਾਣਕੀਆ ਨੂੰ ਹਿੱਕ ਤੇ ਬੈਠਾ ਮਹਿਸੂਸ ਕਰੇ ਬਿਨਾਂ ਜਿੱਤ ਹਾਸਲ ਨਹੀਂ ਹੋਣੀ। ਸਾਰੀ ਰਾਸ ਤੇ ਮਿਹਨਤ, ਪਲ-ਪਲ ਦਾ ਧਿਆਨ ਕੌਮੀ ਘਰ ਦੀ ਉਸਾਰੀ ਲਈ ਰਿਜ਼ਰਵ ਕਰ ਦੇਵੋ। ਯਾਰੋ, ਸਾਡੀ ਕਿਸਮਤ ਦੇ ਫ਼ੈਸਲੇ ਤੇ ਮਿਹਨਤ ਦਾ ਮੁੱਲ ਆਪਣੇ ਲਾਭਾਂ ਲਈ ਚਾਣਕੀਆ ਤੈਅ ਕਰੇ, ਅਸੀਂ ਤਾਂ ਜਿਊਂਦੇ ਹੀ ਮਰ ਗਏ। ਸਾਡੀ ਤਾਂ ਮੱਤ ਪੱਤ ਵੀ ਉਹ ਕਾਬੂ ਕਰੀ ਬੈਠਾ ਹੈ, ਲਾਹਨਤ ਹੈ ਐਹੋ ਜਿਹੀ ਅਜ਼ਾਦੀ ਦੇ। ਸਾਨੂੰ ਬ੍ਰਾਹਮਣਵਾਦ ਦੇ ਸੀਰੀ, ਕਾਮੇ ਤੇ ਮੁਜ਼ਾਰੇ ਹੋਣਾ ਪ੍ਰਵਾਨ ਨਹੀਂ। ਅਸੀਂ ਆਪਣੀ ਕਿਸਮਤ ਦੇ ਆਪ ਫ਼ੈਸਲੇ ਕਰਨ ਨੂੰ 'ਅਜ਼ਾਦੀ' ਸਮਝਦੇ ਆਂ। ਸਾਨੂੰ ਵਿਚਕਾਰਲਾ ਆੜ੍ਹਤੀਆ ਤੇ ਏਜੰਟ ਕਿਵੇਂ ਵੀ ਪ੍ਰਵਾਨ ਨਹੀਂ। ਅੰਗਰੇਜ਼ ਦੇ ਹੇਠਾਂ ਅਸੀਂ ਹੁਣ ਦੀ ਹਾਲਤ ਨਾਲ਼ੋਂ ਹਜ਼ਾਰ ਦਰਜੇ ਸੁਖਾਲ਼ੇ ਸੀ। ਇੱਕ ਫ਼ਿਰਕੂ ਤੇ ਦੂਜੇ ਅੰਧ-ਵਿਸ਼ਵਾਸੀ ਦੇ ਗ਼ੁਲਾਮ ਰਹਿਣਾ ਲਾਹਨਤ ਹੀ ਲਾਹਨਤ।

★★★★★

## ਵਗ ਰਹੀਆਂ ਨੇ ਗ਼ਰਮ ਹਵਾਵਾਂ

ਵਗ ਰਹੀਆਂ ਨੇ ਗ਼ਰਮ ਹਵਾਵਾਂ, ਬਚੋ ਬਚੋ !  
ਝੁਲਸ ਗਈਆਂ ਬਿਰਖਾਂ ਦੀਆਂ ਛਾਂਵਾਂ, ਬਚੋ ਬਚੋ !

ਬਾਗ਼ ਦੇ ਮਾਲੀ ਬੋਲ਼ੇ ਹੋ ਗਏ।  
ਕਲੀ ਕਲੀ ਦੇ ਕੋਲ਼ੇ ਹੋ ਗਏ।  
ਏਥੇ ਕੋਈ ਨਿਆਂ ਨਹੀਂ ਹੈ।  
ਰੁੱਖ ਬੜੇ ਪਰ ਛਾਂ ਨਹੀਂ ਹੈ।  
ਬੋਲ ਕੋਇਲ ਦੇ ਖਾ ਲਏ ਕਾਂਵਾਂ, ਬਚੋ ਬਚੋ !

ਸਾਰਾ ਹੀ ਪੰਜਾਬ ਹੈ ਜ਼ਖ਼ਮੀ।  
ਸਾਡਾ ਫੁੱਲ ਗੁਲਾਬ ਹੈ ਜ਼ਖ਼ਮੀ।  
ਕੋਈ ਫੁੱਲਾਂ ਦੀ ਸਾਰ ਨਹੀਂ ਹੈ।  
ਬਾਗ਼ਾਂ ਵਿੱਚ ਬਹਾਰ ਨਹੀਂ ਹੈ।  
ਕਲੀਆਂ ਨੂੰ ਖਾ ਲਿਆ ਖ਼ਿਜ਼ਾਵਾਂ, ਬਚੋ ਬਚੋ !

ਜਦ ਦਾ ਚੜ੍ਹਿਆ ਸੰਨ ਚੁਰਾਸੀ।  
ਕਈ ਬੇਦੋਸ਼ੇ ਚੜ੍ਹ ਗਏ ਫਾਂਸੀ।  
ਸੱਚੀ ਗੱਲ ਨੂੰ ਕੋਈ ਨਾ ਵਾਚੇ।  
ਮਾਂਵਾਂ ਕੋਲ਼ੋਂ ਪੁੱਤ ਗਵਾਚੇ।  
ਨਹੀਂ ਲੱਭੀਆਂ ਬੱਚਿਆਂ ਨੂੰ ਮਾਂਵਾਂ, ਬਚੋ ਬਚੋ !

ਚੌਹੀਂ ਪਾਸੀਂ 'ਲੁੱਟ ਲਓ ਲੁੱਟ ਲਓ'।  
ਲੋਕਾਂ ਦਾ ਗਲ਼ ਘੁੱਟ ਲਓ ਘੁੱਟ ਲਓ।  
'ਸਫ਼ਰੀ' ਆਖੇ ਕੋਰੀ ਕੋਰੀ।  
ਹਰ ਦਫ਼ਤਰ ਵਿੱਚ ਰਿਸ਼ਵਤਖੋਰੀ।  
ਇਹ ਨਹੀਂ ਲਹਿਣਾ ਗਲੋਂ ਗ਼ੁਲਾਵਾਂ, ਬਚੋ ਬਚੋ !  
ਵਗ ਰਹੀਆਂ ਨੇ ਗ਼ਰਮ ਹਵਾਵਾਂ, ਬਚੋ ਬਚੋ !

**ਚਰਨ ਸਿੰਘ ਸਫ਼ਰੀ**

## ਪੰਜਾਬ ਦਾ ਕਿਸਾਨ

ਲੱਕ ਤੋੜੀ ਜਾਵੇ ਦਿਨੋਂ ਦਿਨ ਮਹਿੰਗਾਈ,  
ਸਿਰ ਚੜ੍ਹੇ ਕਰਜ਼ੇ ਨੇ ਭੂਤਨੀ ਭੁਲਾਈ।  
ਕਰੀ ਖ਼ੁਦਕੁਸ਼ੀਆਂ ਜੋ ਦਿਨ ਦੀਵੀ ਜਾਣ,  
ਕਿੱਦਾਂ ਖ਼ੁਸ਼ ਹੋਵੇਗਾ ਪੰਜਾਬ ਦਾ ਕਿਸਾਨ ?

ਮਿੱਟੀ ਨਾਲ ਮਿੱਟੀ ਹੋ ਕੇ ਪੱਲੇ ਪੈਂਦਾ ਕੀ,  
ਰੇਹਾਂ ਸਪਰੇਆਂ ਖਾਦਾਂ ਨਕਲੀ ਨੇ ਬੀ।  
ਹਕੂਮਤਾਂ ਨਾ ਸਾਥ ਦੇਣ ਕਰੀਏ ਕੀ ਮਾਣ ?  
ਕਿੱਦਾਂ ਖ਼ੁਸ਼ ਹੋਵੇਗਾ ਪੰਜਾਬ ਦਾ ਕਿਸਾਨ ?

ਵਾਜਬ ਮਿਲੇ ਨਾ ਸਾਨੂੰ ਜਿਨਸਾਂ ਦਾ ਭਾਅ,  
ਦਿਲ ਵਿੱਚ ਦੱਬੇ ਰਹਿੰਦੇ ਰੀਝਾਂ ਅਤੇ ਚਾਅ।  
ਵੀਹ ਵਿੱਘਿਆਂ ਦੀ ਕਮਾਈ ਖਾ ਜੇ ਗਿੱਠ ਦੀ ਦੁਕਾਨ,  
ਕਿੱਦਾਂ ਖ਼ੁਸ਼ ਹੋਵੇਗਾ ਪੰਜਾਬ ਦਾ ਕਿਸਾਨ ?

ਰੈਲੀਆਂ ਮੁਜ਼ਾਹਰਿਆਂ 'ਚ ਲੰਘੀ ਜਾਵੇ ਜ਼ਿੰਦਗੀ,  
ਦਿਨੋ ਦਿਨ ਦੁੱਖਾਂ ਵਿੱਚ ਰੰਗੀ ਜਾਵੇ ਜ਼ਿੰਦਗੀ।  
ਗਾਇਕ ਤਾਂ ਵਧਾਉਂਦੇ 'ਬੂਟੇ' ਫ਼ੋਕੀ ਸਾਡੀ ਸ਼ਾਨ,  
ਕਿੱਦਾਂ ਖ਼ੁਸ਼ ਹੋਵੇਗਾ ਪੰਜਾਬ ਦਾ ਕਿਸਾਨ ?

**ਬੂਟਾ ਖ਼ਾਨ ਸੁੱਖੀ, [illegible]**  
# 94[illegible]